# ਆਰਗੈਨਿਕ ਰੀਸਾਈਕਲਿੰਗ (ਕਾਰਬਨ ਅਧਾਰਤ ਮੁੜ ਵਰਤਣਯੋਗ ਬਣਾਉਣ)

# ਵਿੱਚ ਕਿਵੇਂ ਹਿੱਸਾ ਲਿਆ ਜਾਵੇ



1

ਤੁਹਾਨੂੰ ਜੋ ਹਰੇ ਰੰਗ ਦੇ ਕੂੜੇ ਵਾਲੇ ਵੱਡੇ ਢੋਲ ਨਾਲ ਰਸੋਈ ਅੰਦਰ ਰੱਖਣ ਵਾਲਾ ਭੂਰੇ ਰੰਗ ਦਾ ਛੋਟਾ ਡੱਬਾ ਮਿਲਿਆ ਹੈ ਉਸਨੂੰ ਰਸੋਈ ਦਾ ਬਨਸਪਤੀ ਅਧਾਰਤ ਕੂੜਾ ਜਿਵੇਂ ਕਿ ਭੋਜਨ ਦੀ ਰੈਹੰਦ ਖੂਹੰਦ ਅਤੇ ਵਰਤੇ ਹੋਏ ਪੇਪਰ ਟਾਵਲ ਇਕੱਠੇ ਕਰਨ ਲਈ ਵਰਤੋ। ਤੁਸੀਂ ਆਪਣੀ ਰਸੋਈ ਵਾਲੇ ਡੱਬੇ ਨੂੰ ਸਾਫ ਰੱਖਣ ਲਈ ਇਸ ਅੰਦਰ ਅਖ਼ਬਾਰ, ਕਾਗਜ਼ ਦੇ ਲਿਫ਼ਾਫ਼ਿਆਂ ਜਾਂ ਮਨਜ਼ੂਰ ਸ਼ੁਦਾ ਗਲ਼-ਸੜ ਜਾਣ ਵਾਲੇ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਤਹਿ ਲਾ ਸਕਦੇ ਹੋ।

**ਹਰੇ ਰੰਗ ਦੇ ਕੂੜੇ ਵਾਲੇ ਢੋਲ ਵਿੱਚ ਗਰਾਸਰੀ ਬੈਗ ਅਤੇ ਭੋਜਨ ਲਪੇਟਣ ਵਾਲੇ ਨਾ-ਗਲ਼ ਸੜ ਸਕਣ ਵਾਲੇ ਪਲਾਸਟਿਕ ਪਾਉਣ ਦੀ ਆਗਿਆ ਨਹੀਂ ਹੈ।**



2

ਆਪਣੀ ਰਸੋਈ ਵਿੱਚ ਰੱਖੇ ਡੱਬੇ ਨੂੰ ਹਰ ਦੋ ਤੋਂ ਤਿੰਨ ਦਿਨ ਪਿੱਛੋਂ ਜਾਂ ਜਦੋਂ ਭਰ ਜਾਵੇ ਤਾਂ ਹਰੇ ਰੰਗ ਦੇ ਢੋਲ ਵਿੱਚ ਖਾਲੀ ਕਰ ਦੇਵੋ। ਹਰੇ ਰੰਗ ਦੇ ਢੋਲ ਨੂੰ ਗਰਾਜ ਵਿੱਚ ਜਾਂ ਬਾਹਰ ਰੱਖੋ, ਕੋਸ਼ਿਸ਼ ਕਰੋ ਕਿ ਇਸਨੂੰ ਛਾਵੇਂ ਰੱਖਿਆ ਜਾਵੇ।



3

ਹਰੇ ਰੰਗ ਦੇ ਢੋਲਾਂ ਵਿਚਲਾ ਕੂੜਾ ਹਰ ਹਫ਼ਤੇ ਤੁਹਾਡੇ ਇਲਾਕੇ ਵਿੱਚ ਕੂੜਾ ਚੁੱਕਣ ਦੇ ਨਿਯਮਤ ਦਿਨ ਇਕੱਠਾ ਕੀਤਾ ਜਾਂਦਾ ਹੈ। ਆਪਣੇ ਹਰੇ ਰੰਗ ਦੇ ਢੋਲ ਨੂੰ ਸਵੇਰੇ 7 ਵਜੇ ਤੋਂ ਪਹਿਲਾਂ ਸੜਕ ਦੇ ਕਿਨਾਰੇ ਰੱਖ ਦਿਓ। ਇਹ ਯਕੀਨੀ ਬਣਾਉ ਕਿ ਇਸ ਦਾ ਢੱਕਣ ਚੰਗੀ ਤਰ੍ਹਾਂ ਬੰਦ ਹੋਵੇ।



4

ਬਨਸਪਤੀ ਪਦਾਰਥਾਂ ਨੂੰ ਮੁੜ ਵਰਤਣਯੋਗ ਕਮਪੋਸਟ ਖਾਦ ਵਿੱਚ ਬਦਲਿਆ ਜਾਂਦਾ ਹੈ ਜੋ ਬਗੀਚਿਆਂ ਵਿੱਚ ਵਰਤਣ ਲਈ ਬਹੁਤ ਉੱਤਮ ਹੁੰਦੀ ਹੈ। ਕਮਪੋਸਟ ਖਾਦ ਪੀਲ ਕਮਿਊਨਿ-ਟੀ ਰੀਸਾਈਕਲਿੰਗ ਕੇਂਦਰਾਂ ਤੋਂ ਖ਼ਰੀਦੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ peel-compost.ca ਵੇਖੋ।

**ਹੋਰ ਜਾਣਕਾਰੀ ਲਈ 905-791-9499'ਤੇ ਫ਼ੋਨ ਕਰੋ। ਕੈਲੇਡੌਨ ਦੇ ਦੂਰ ਇਲਾਕਿਆਂ ਦੇ ਵਸਨੀਕ 905-584-2216'ਤੇ ਮੁਫ਼ਤ ਫ਼ੋਨ ਕਰ ਸਕਦੇ ਹਨ। ਸਾਡੀ ਵੈੱਬਸਾਈਟ peelregion.ca/waste 'ਤੇ ਜਾਓ।**

Organics IT'S IN THE BIN

Region of Peel
Working for you

# ਤੁਸੀਂ ਹਰੇ ਰੰਗ ਦੇ ਢੋਲ ਵਿੱਚ ਕੀ ਕੁੱਝ ਪਾਉਣਾ ਹੈ

## ☑ ਪਰਵਾਨ ਕਰਨਯੋਗ

### ਭੋਜਨ ਦੀ ਰੈਹੰਦ ਖੂਹੰਦ:

- ਪਕਾਈਆਂ ਹੋਈਆਂ ਵਸਤਾਂ
- ਹੱਡੀਆਂ
- ਸੀਰੀਅਲ
- ਕਾਫੀ ਦੀ ਰੈਹੰਦ ਖੂਹੰਦ ਅਤੇ ਫ਼ਿਲਟਰ
- ਦੁੱਧ ਦੇ ਪਦਾਰਥ
- ਅੰਡੇ/ਅੰਡਿਆਂ ਦੇ ਛਿਲਕੇ
- ਆਟਾ ਅਤੇ ਅਨਾਜ
- ਫਲ਼
- ਚਿਕਨਾਈ ਅਤੇ ਚਰਬ਼ੀ
- ਮਾਸ ਅਤੇ ਮੱਛੀ (ਅਣ-ਪੱਕੀ ਅਤੇ ਪਕਾਈ ਹੋਈ)
- ਗਿਰੀਆਂ
- ਪਾਸਤਾ ਅਤੇ ਚੌਲ
- ਚਟਣੀ ਆਦਿ (ਸਾਸ)
- ਚਾਹ ਪੱਤੀ ਵਾਲੇ ਬੈਗ ਅਤੇ ਖੁੱਲੀ ਚਾਹ ਪੱਤੀ
- ਸਬਜ਼ੀਆਂ

### ਕਾਗਜ਼ ਦੀਆਂ ਵਸਤਾਂ:

- ਰੂੰ ਦੇ ਫੰਬੇ
- ਚਿਹਰਾ ਸਾਫ ਕਰਨ ਵਾਲੇ ਟਿਸ਼ੂ
- ਪੀਜ਼ੇ ਵਾਲੇ ਥਿੰਧੇ ਡੱਬੇ
- ਮਾਈਕਰੋਵੇਵ ਵਿੱਚ ਭੁੰਨਣ ਵਾਲੀਆਂ ਮੱਕੀ ਦੀਆਂ ਖਿੱਲਾਂ ਵਾਲੇ ਬੈਗ
- ਪੇਪਰ ਟਾਵਲ, ਨੈਪਕਿਨ ਅਤੇ ਪਲੇਟਾਂ
- ਕੁਤਰੇ ਹੋਏ ਕਾਗਜ਼ (ਖੁੱਲੇ)

### ਹੋਰ ਵਸਤਾਂ:

- ਵਾਲ
- ਘਰੇਲੂ ਪੌਦੇ (ਮਿੱਟੀ ਤੋਂ ਬਗੈਰ)
- ਪਾਲਤੂ ਜਾਨਵਰਾਂ ਦੀ ਜੱਤ
- ਲੱਕੜੀ ਦਾ ਬੂਰਾ
- ਲੱਕੜੀ ਦੀਆਂ ਫਾਕੜਾਂ/ਛਿੱਲਤਰਾਂ



## ☒ ਨਾ-ਪਰਵਾਨ ਕਰਨਯੋਗ

- ਅਲਮੀਨੀਅਮ ਫੌਇਲ
- ਬੈਂਡੇਜ
- ਸਿਗਰਟਾਂ ਦੇ ਟੋਟੇ ਜਾਂ ਸਵਾਹ
- ਕੱਪੜੇ (ਸਿਉਂਤੇ/ਅਣ-ਸਿਉਂਤੇ)
- ਮਰੇ ਹੋਏ ਜਾਨਵਰ
- ਡਾਇਪਰ
- ਵਰਤ ਕੇ ਸੁੱਟਣ ਵਾਲੀਆਂ ਮੌਪ ਦੀਆਂ ਸ਼ੀਟਾਂ
- ਡਰਾਇਰ ਵਿੱਚੋਂ ਨਿਕਲੀ ਕੱਪੜਿਆਂ ਦੀ ਰੂੰ
- ਔਰਤਾਂ ਦੀਆਂ ਸਰੀਰਕ ਸਫ਼ਾਈ ਵਾਲੀਆਂ ਵਸਤਾਂ
- ਫ਼ਾਇਰਪਲੇਸ ਦੀ ਸਵਾਹ
- ਜੰਮੇ ਹੋਏ ਜੂਸ ਵਾਲੇ ਡੱਬੇ
- ਕੱਚ
- ਕਾਮੁਕ ਪ੍ਰਸੰਨਤਾ ਲਈ ਵਰਤੀਆਂ ਵਸਤਾਂ
- ਬਿੱਲੀਆਂ ਦੀ ਮਲਮੂਤਰ
- ਧਾਤਾਂ
- ਮਸ਼ੀਨੀ ਤੇਲ ਜਾਂ ਗਰੀਸ ਆਦਿ
- ਪਾਲਤੂ ਜਾਨਵਰਾਂ ਦਾ ਮਲਮੂਤਰ
- ਪਲਾਸਟਿਕ ਦੇ ਬੈਗ, ਡੱਬੇ ਅਤੇ ਭੋਜਨ ਲਪੇਟਣ ਲਈ ਪਲਾਸਟਿਕ
- ਪੈਕਿੰਗ ਕਰਨ ਵਾਲੀ ਫ਼ੋਮ
- ਰਬੜ ਦੀਆਂ ਵਸਤਾਂ
- ਟੇਕ-ਆਊਟ ਕੱਪ
- ਟਵਿਸਟ ਟਾਈਜ਼
- ਵੈਕਯੁਅਮ ਦੇ ਬੈਗ
- ਮੋਮੀ ਡੱਬੇ ਜਾਂ ਕਾਗਜ਼




F-12-240 07/04 (Punjabi)